## 3.8 ਕਾਰਕ ਅਤੇ ਕਾਰਕੀ ਸੰਬੰਧ

### ਵਿਆਕਰਨਕ ਸ਼੍ਰੇਣੀਆਂ

ਵਿਆਕਰਨਕ ਸ਼੍ਰੇਣੀਆਂ ਜਾਂ ਵਿਆਕਰਨਕ ਪ੍ਰਵਰਗ ਦਾ ਸੰਬੰਧ ਵਿਆਕਰਨਕ ਇਕਾਈਆਂ (ਵਾਕ, ਉਪਵਾਕ, ਵਾਕੰਸ਼, ਸ਼ਬਦ ਅਤੇ ਭਾਵੰਸ਼) ਅਤੇ ਸ਼ਬਦ ਸ਼੍ਰੇਣੀਆਂ (ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਕਿਰਿਆ ਵਿਸ਼ੇਸ਼ਣ, ਸੰਬੰਧਕ, ਯੋਜਕ, ਵਿਸਮਿਕ) ਦੀ ਪਛਾਣ ਨਾਲ ਹੁੰਦਾ ਹੈ। ਇਸ ਤਰ੍ਹਾਂ ਵਿਆਕਰਨਕ ਸ਼੍ਰੇਣੀਆਂ ਵਿਆਕਰਨਕ ਇਕਾਈਆਂ ਅਤੇ ਸ਼ਬਦ ਸ਼੍ਰੇਣੀਆਂ ਦੀ ਪਛਾਣ ਦਾ ਆਧਾਰ ਹਨ। ਇਹਨਾਂ ਦੇ ਮੁਤਾਬਕ ਹੀ ਵਿਆਕਰਨਕ ਇਕਾਈਆਂ ਅਤੇ ਸ਼ਬਦ ਸ਼੍ਰੇਣੀਆਂ ਦੇ ਅਰਥ ਹੋਂਦ ਵਿਚ ਆਉਂਦੇ ਹਨ। ਵਿਆਕਰਨਕ ਸ਼੍ਰੇਣੀਆਂ ਵਿਚ—ਵਚਨ, ਲਿੰਗ, ਪੁਰਖ, ਕਾਲ, ਪੱਖ, ਮਨੋਦਸ਼ਾ, ਵਾਚ ਅਤੇ ਕਾਰਕ ਸ਼ਾਮਿਲ ਹਨ।

### ਕਾਰਕ

ਕਾਰਕ ਇਕ ਵਿਆਕਰਨਕ ਸ਼੍ਰੇਣੀ ਹੈ। ਵਾਕ-ਬਣਤਰ ਵਿਚ ਵਿਚਰਦੇ ਨਾਂਵ ਜਾਂ ਨਾਂਵ ਵਾਕੰਸ਼ ਅਤੇ ਕਿਰਿਆ ਜਾਂ ਕਿਰਿਆ ਵਾਕੰਸ਼ ਦੇ ਆਪਸੀ ਸੰਬੰਧਾਂ ਨੂੰ 'ਕਾਰਕ' ਕਿਹਾ ਜਾਂਦਾ ਹੈ। ਵਾਕ-ਬਣਤਰ ਵਿਚ ਕਾਰਕ ਨਾਂਵ ਅਤੇ ਕਿਰਿਆ ਦੇ ਵਾਕਾਤਮਕ ਅਤੇ ਅਰਥਗਤ ਸੰਬੰਧਾਂ ਨੂੰ ਸਾਕਾਰ ਜਾਂ ਪੇਸ਼ ਕਰਦੇ ਹਨ।

### ਕਾਰਕੀ ਸੰਬੰਧ

ਹਰ ਕਾਰਕ ਦਾ ਆਪਣਾ ਨਿੱਜੀ ਖੇਤਰ ਹੁੰਦਾ ਹੈ ਅਤੇ ਹਰ ਕਾਰਕ ਦੇ ਕਾਰਜ ਖੇਤਰ ਵਿਚ ਵਿਚਰਦਾ ਵਾਕਾਤਮਕ ਕਾਰਜ ਦੂਜੇ ਕਾਰਕਾਂ ਦੇ ਵਾਕਾਤਮਕ ਕਾਰਜਾਂ ਨਾਲੋਂ ਵੱਖਰਾ ਹੁੰਦਾ ਹੈ। ਕਿਸੇ ਵੀ ਭਾਸ਼ਾ ਵਿਚ ਕਾਰਕੀ ਸੰਬੰਧਾਂ ਨੂੰ ਤਿੰਨ ਜੁਗਤਾਂ ਰਾਹੀਂ ਸਾਕਾਰ ਕੀਤਾ ਜਾਂਦਾ ਹੈ:

(ੳ) ਸ਼ਬਦ ਵਿਚਰਨ ਤਰਤੀਬ ਰਾਹੀਂ
(ਅ) ਸੰਬੰਧਕਾਂ ਰਾਹੀਂ
(ੲ) ਵਿਭਕਤੀਆਂ ਰਾਹੀਂ

ਪੰਜਾਬੀ ਭਾਸ਼ਾ ਦੀ ਤਰਤੀਬ 'ਕਰਤਾ + ਕਰਮ + ਕਿਰਿਆ' ਹੈ। ਭਾਵ ਪੰਜਾਬੀ ਵਾਕ-ਬਣਤਰ ਵਿਚ ਪਹਿਲਾ ਸਥਾਨ ਕਰਤਾ ਕਾਰਕ ਦਾ ਅਤੇ ਦੂਜਾ ਸਥਾਨ ਕਰਮ ਕਾਰਕ ਦਾ ਹੈ। ਪਰੰਤੂ ਪੰਜਾਬੀ ਵਾਕ-ਬਣਤਰ ਵਿਚ ਸ਼ਬਦਾਂ ਦੀ ਵਿਚਰਨ ਤਰਤੀਬ ਵਿਚ ਪਰਿਵਰਤਨ ਵੀ ਆਉਂਦਾ ਹੈ, ਜਿਸ ਦੇ ਫਲਸਰੂਪ ਸ਼ਬਦਾਂ ਦੀ ਅਦਲਾ-ਬਦਲੀ ਹੁੰਦੀ ਹੈ। ਜਿਵੇਂ:

— ਮਾਸਟਰ ਨੇ ਬੱਚੇ ਨੂੰ ਮਾਰਿਆ।
— ਬੱਚੇ ਨੂੰ ਮਾਸਟਰ ਨੇ ਮਾਰਿਆ।

ਪਰੰਤੂ ਇਥੇ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਸ਼ਬਦ ਵਿਚਰਨ ਤਰਤੀਬ ਦੇ ਆਧਾਰ ਉੱਤੇ ਪੰਜਾਬੀ ਭਾਸ਼ਾ ਵਿਚ ਕਾਰਕੀ ਸੰਬੰਧ ਵਾਕੰਸ਼ ਦੀ ਪੱਧਰ ਉੱਤੇ ਸਾਕਾਰ ਹੁੰਦੇ ਹਨ, ਸ਼ਬਦ ਦੀ ਪੱਧਰ ਉੱਤੇ ਨਹੀਂ। ਭਾਵ ਸ਼ਬਦਾਂ ਦਾ ਸਥਾਨਾਂਤਰਣ (ਸਥਾਨ ਪਰਿਵਰਤਨ) ਸ਼ਬਦ ਪੱਧਰ ਉੱਤੇ ਨਹੀਂ, ਬਲਕਿ ਵਾਕੰਸ਼ ਪੱਧਰ ਉੱਤੇ ਹੀ ਸੰਭਵ ਹੈ।

ਸੰਬੰਧਕ 'ਕਾਰਕੀ ਚਿੰਨ੍ਹ' ਹੁੰਦੇ ਹਨ, ਜਿਹਨਾਂ ਤੋਂ ਕਾਰਕ ਦੀ ਸੂਚਨਾ ਮਿਲਦੀ ਹੈ। ਸੰਬੰਧਕ /ਨੇ/ਨੂੰ/ਤੋਂ/ਵਿਚ/ਨਾਲ ਆਦਿ ਕਾਰਕੀ ਸੰਬੰਧਾਂ ਨੂੰ ਪ੍ਰਗਟਾਉਂਦੇ ਹਨ। ਜਿਵੇਂ :

— ਕੁੜੀ ਨੇ (ਕਰਤਾ ਕਾਰਕ), ਕੁੜੀ ਨੂੰ (ਕਰਮ ਕਾਰਕ)
— ਘਰ ਤੋਂ (ਅਪਾਦਾਨ ਕਾਰਕ), ਸ਼ਹਿਰ ਨੂੰ (ਸੰਪਰਦਾਨ ਕਾਰਕ)
— ਬਜ਼ਾਰ ਵਿਚ (ਅਧਿਕਰਨ ਕਾਰਕ), ਪੈਨਸਿਲ ਨਾਲ (ਕਰਨ ਕਾਰਕ)

ਕਈ ਸ਼ਬਦ ਰੂਪਾਂ ਵਿਚ ਪਿਛੇਤਰ ਦੀ ਵਰਤੋਂ ਵੀ ਅਜਿਹੇ ਕਾਰਕੀ ਚਿੰਨ੍ਹ ਹੁੰਦੇ ਹਨ, ਜਿਹਨਾਂ ਨੂੰ 'ਵਿਭਕਤੀ' ਕਿਹਾ ਜਾਂਦਾ ਹੈ। ਇਹਨਾਂ ਵਿਭਕਤੀਆਂ ਤੋਂ ਕਾਰਕ ਦੀ ਸੂਚਨਾ ਮਿਲਦੀ ਹੈ। ਜਿਵੇਂ :

— ਹੱਥੀਂ (ਹੱਥ + ਨਾਲ → ਕਰਨ ਕਾਰਕ)
— ਬਾਜ਼ਾਰੋਂ (ਬਾਜ਼ਾਰ + ਤੋਂ → ਅਪਾਦਾਨ ਕਾਰਕ)
— ਘਰੀਂ (ਘਰ + ਵਿਚ → ਅਧਿਕਰਨ ਕਾਰਕ)

ਇਸ ਤਰ੍ਹਾਂ ਪੰਜਾਬੀ ਵਿਚ ਸੰਬੰਧਕਾਂ ਅਤੇ ਵਿਭਕਤੀਆਂ ਦੀ ਵਰਤੋਂ ਦੇ ਆਧਾਰ ਉੱਤੇ ਛੇ ਪ੍ਰਕਾਰ ਦੇ ਕਾਰਕੀ ਸੰਬੰਧਾਂ ਦੀ ਸਥਾਪਨਾ ਕੀਤੀ ਜਾਂਦੀ ਹੈ, ਜੋ ਹੇਠ ਲਿਖੇ ਅਨੁਸਾਰ ਹੈ :

• **ਕਰਤਾ ਕਾਰਕ** : ਪੰਜਾਬੀ ਵਾਕ ਬਣਤਰ ਵਿਚ ਜਿਹੜਾ ਨਾਂਵ ਕਿਰਿਆ ਕਰਨ ਵਾਲੇ ਦੀ ਜਾਣਕਾਰੀ ਦੇਵੇ, ਉਸ ਨੂੰ 'ਕਰਤਾ ਕਾਰਕ' ਕਹਿੰਦੇ ਹਨ। ਕਰਤਾ ਕਾਰਕ ਦਾ ਸਥਾਨ ਵਾਕ ਦੇ ਆਰੰਭ ਵਿਚ ਹੁੰਦਾ ਹੈ। ਜਿਵੇਂ :

— <u>ਦਾਦੀ</u> ਕਹਾਣੀ ਸੁਣਾਉਂਦੀ ਹੈ।
↓
ਕਰਤਾ ਕਾਰਕ

— <u>ਚਪੜਾਸੀ</u> ਘੰਟੀ ਵਜਾਉਂਦਾ ਹੈ।
↓
ਕਰਤਾ ਕਾਰਕ

— <u>ਮਾਲੀ</u> ਪੌਦਿਆਂ ਨੂੰ ਪਾਣੀ ਦੇਵੇਗਾ।
↓
ਕਰਤਾ ਕਾਰਕ

• **ਕਰਮ ਕਾਰਕ** : ਵਾਕ ਵਿਚ ਜਿਸ ਸ਼ਬਦ ਉੱਤੇ ਕਿਰਿਆ ਵਾਪਰਦੀ ਹੈ, ਉਸ ਨੂੰ 'ਕਰਮ ਕਾਰਕ' ਕਹਿੰਦੇ ਹਨ। ਕਰਮ ਕਾਰਕ ਕਿਰਿਆ ਦੇ ਉਦੇਸ਼ ਨੂੰ ਪ੍ਰਗਟਾਉਂਦਾ ਹੈ। ਵਾਕ ਬਣਤਰ ਵਿਚ ਕਰਮ ਕਾਰਕ ਦਾ ਸਥਾਨ ਵਧੇਰੇ ਕਰਕੇ ਕਰਤਾ ਤੋਂ ਬਾਅਦ ਵਿਚ ਹੈ। ਜਿਵੇਂ :

— ਬੱਚੇ ਪਾਠ ਪੜ੍ਹ ਰਹੇ ਹਨ।
↓
ਕਰਮ ਕਾਰਕ

— ਮਾਸਟਰ ਕਿਤਾਬ ਪੜ੍ਹਾਉਂਦਾ ਸੀ।
↓
ਕਰਮ ਕਾਰਕ

— ਰਾਧਾ ਸਬਜ਼ੀ ਬਣਾਵੇਗੀ।
↓
ਕਰਮ ਕਾਰਕ

• **ਕਰਨ ਕਾਰਕ** : ਜਿਹੜਾ ਸ਼ਬਦ ਵਾਕ ਵਿਚ ਕਾਰਜ/ਕਿਰਿਆ ਦੇ ਹੋਣ ਜਾਂ ਵਾਪਰਨ ਦੇ ਸਾਧਨ ਨੂੰ ਪ੍ਰਗਟ ਕਰਦਾ ਹੈ, ਉਸਨੂੰ 'ਕਰਨ ਕਾਰਕ' ਕਹਿੰਦੇ ਹਨ। ਇੰਜ ਕਰਮ ਦੇ ਸਾਧਨ ਨੂੰ ਹੀ ਕਰਨ ਕਾਰਕ ਕਿਹਾ ਜਾਂਦਾ ਹੈ। ਜਿਵੇਂ:

— ਵਿਦਿਆਰਥੀ ਪੈੱਨ ਨਾਲ ਲਿਖਦੇ ਹਨ।
↓
ਕਰਨ ਕਾਰਕ

— ਮਾਂ ਹੱਥ ਨਾਲ ਰੋਟੀ ਬਣਾਉਂਦੀ ਹੈ।
↓
ਕਰਨ ਕਾਰਕ

— ਤਰਖਾਣ ਨੇ ਆਰੀ ਨਾਲ ਲੱਕੜ ਕੱਟੀ।
↓
ਕਰਨ ਕਾਰਕ

• **ਅਪਾਦਾਨ ਕਾਰਕ** : ਅਪਾਦਾਨ ਕਾਰਕ ਕਿਸੇ ਸਥਾਨ, ਵਸਤੂ ਜਾਂ ਕਾਰਜ ਤੋਂ ਅਲੱਗ ਹੋਣ ਦਾ ਸੰਕੇਤ ਜਾਂ ਸੂਚਨਾ ਦਿੰਦੇ ਹਨ। ਜਿਵੇਂ :

— ਉਹ ਗੱਡੀ ਤੋਂ ਉਤਰਿਆ।
↓
ਅਪਾਦਾਨ ਕਾਰਕ

— ਖੁੱਡ ਵਿੱਚੋਂ ਸੱਪ ਨਿਕਲਿਆ।
↓
ਅਪਾਦਾਨ ਕਾਰਕ

— ਮੈਂ ਕੱਲ ਦਿੱਲੀਓਂ ਆਇਆਂ ਹਾਂ।
↓
ਅਪਾਦਾਨ ਕਾਰਕ

• **ਸੰਪਰਦਾਨ ਕਾਰਕ** : ਸੰਪਰਦਾਨ ਕਾਰਕ ਕਿਸੇ ਸਥਾਨ, ਵਸਤੂ ਜਾਂ ਕਾਰਜ ਨਾਲ ਜੁੜਨ ਦਾ ਸੰਕੇਤ ਜਾਂ ਸੂਚਨਾ ਦਿੰਦਾ ਹੈ। ਜਿਵੇਂ :

— ਮਾਂ ਨੇ ਬੱਚੇ ਨੂੰ ਰੋਟੀ ਖਵਾਈ।
↓
ਸੰਪਰਦਾਨ ਕਾਰਕ

— ਮਾਸਟਰ ਵਿਦਿਆਰਥੀਆਂ ਨੂੰ ਸਮਝਾ ਰਿਹਾ ਸੀ।
↓
ਸੰਪਰਦਾਨ ਕਾਰਕ

— ਮੈਂ ਸ਼ਹਿਰ ਜਾਵਾਂਗਾ।
↓
ਸੰਪਰਦਾਨ ਕਾਰਕ

• **ਅਧਿਕਰਨ ਕਾਰਕ** : ਜਿਹੜੇ ਸ਼ਬਦ ਵਾਕ ਬਣਤਰ ਵਿਚ ਵਿਚਰਦੇ ਕਰਤਾ ਨਾਂਵ ਜਾਂ ਕਰਮ ਨਾਂਵ ਦੀ ਕਿਰਿਆ ਦੇ ਸਥਾਨ ਜਾਂ ਸਥਿਤੀ ਨੂੰ ਪੇਸ਼ ਕਰਦੇ ਹਨ, ਉਹਨਾਂ ਨੂੰ 'ਅਧਿਕਰਨ ਕਾਰਕ' ਕਿਹਾ ਜਾਂਦਾ ਹੈ। ਜਿਵੇਂ :

— ਕਣਕ ਕਮਰੇ ਵਿਚ ਇਕੱਠੀ ਕਰ ਲਈ ਹੈ।
↓
ਅਧਿਕਰਨ ਕਾਰਕ

— ਉਹ ਸਵੇਰੇ ਹੀ ਬਾਗ਼ ਵਿਚ ਚਲਿਆ ਗਿਆ।
↓
ਅਧਿਕਰਨ ਕਾਰਕ

— ਪਿੰਡਾਂ ਵਿਚ ਰਹਿੰਦੇ ਪੇਂਡੂ ਨਹੀਂ।
↓
ਅਧਿਕਰਨ ਕਾਰਕ

ਇਸ ਤਰ੍ਹਾਂ ਕਾਰਕੀ ਸੰਬੰਧਾਂ ਦੇ ਆਧਾਰ ਉੱਤੇ ਛੇ ਕਾਰਕਾਂ—ਕਰਤਾ, ਕਰਮ, ਕਰਨ, ਅਪਾਦਾਨ, ਸੰਪਰਦਾਨ ਅਤੇ ਅਧਿਕਰਨ ਦੀ ਹੋਂਦ ਸਾਕਾਰ ਹੁੰਦੀ ਹੈ।